# ਗਰਭ ਸਮਾਪਨ ਐਕਟ 1971




## ਮੁੱਢਲੀ ਜਾਣਕਾਰੀ

ਭਾਰਤ ਵਿਚ ਗਰਭਸਮਾਪਨ ਕਈ ਹਾਲਤਾਂ ਵਿੱਚ ਕਾਨੂੰਨੀ ਤੌਰ ਤੇ ਜਾਇਜ ਹੈ ।ਭਾਰਤ ਸਰਕਾਰ ਨੇ 1971 ਵਿੱਚ ਗਰਭਸਮਾਪਨ ਐਕਟ ਪਾਸ ਕੀਤਾ ਸੀ।1971ਤਕ ਗਰਭਸਮਾਪਨ ਭਾਰਤ ਦੀ ਦੰਡ ਸੰਹਿਤਾ ਦੇ ਸੈਕਸ਼ਨ 312 ਤਹਿਤ ਸਜ਼ਾਯੋਗ ਅਪਰਾਧ ਸੀ ।1964 ਵਿੱਚ ਵੱਧਦੀ ਅਬਾਦੀ, ਵੱਧਦੀ ਮਾਤਾ ਮ੍ਰਿਤੂ ਦਰ, ਅਸੁਰੱਖਿਅਤ ਗਰਭਸਮਾਪਨ ਦੀ ਵੱਧਦੀ ਅਨੁਪਾਤ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ,ਜੋ ਕਿ ਗਰਭਸਮਾਪਨ ਦੇ ਸਮਾਜਕ ,ਕਾਨੂੰਨੀ ਤੇ ਮੈਡੀਕਲ ਪਹਿਲੂਆਂ ਦੇ ਨਿਰੀਖਣ ਕਰਨ ਲਈ ਕਾਇਮ ਕੀਤੀ ਗਈ ਸੀ ।ਕਮੇਟੀ ਨੇ ਕੁਝ ਹਾਲਾਤਾਂ ਵਿਚ ਗਰਭ ਸਮਾਪਨ ਸੇਵਾਵਾਂ ਦੀ ਇਜਾਜ਼ਤ ਦੇਣ ਦੀ ਸਿਫਾਰਿਸ਼ ਕੀਤੀ। ਇਨ੍ਹਾਂ ਸਿਫਾਰਸ਼ਾਂ ਦੇ ਆਧਾਰ ਤੇ ਹੀ 1971 ਵਿੱਚ ਐਮ ਟੀ ਪੀ ਐਕਟ ਬਣਿਆ ।2002 ਅਤੇ 2003 ਵਿੱਚ ਇਸ ਵਿੱਚ ਸੋਧ ਕੀਤੀ ਗਈ ।ਇਸ ਐਕਟ ਅਧੀਨ ਕੁੱਝ ਖਾਸ ਪ੍ਰਾਵਧਾਨ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਤੇ 2 ਤੋਂ 7 ਸਾਲ ਦੀ ਸਜ਼ਾ ਹੋ ਸਕਦੀ ਹੈ। ਹੁਣ 2021 ਵਿੱਚ ਵੀ ਇਸ ਵਿੱਚ ਸੋਧ ਕੀਤੀ ਗਈ ਹੈ

## ਗਰਭਸਮਾਪਨ ਦੀ ਲੋੜ

- ਜੇ ਗਰਭ ਅੱਗੇ ਵਧਣ ਨਾਲ ਗਰਭਵਤੀ ਔਰਤ ਦੀ ਸਿਹਤ ਅਤੇ ਉਸ ਦੀ ਜਾਨ ਲਈ ਖ਼ਤਰਾ ਹੋਵੇ
- ਜੇ ਗਰਭਪਾਤ ਬਲਾਤਕਾਰ ਦੇ ਸਿੱਟੇ ਵਜੋਂ ਠਹਿਰਿਆ ਹੋਵੇ।
- ਜੇ ਵਿਆਹੁਤਾ ਔਰਤ ਵਿਚ ਇਹ ਗਰਭ-ਨਿਰੋਧਕ ਦੀ ਅਸਫਲਤਾ ਕਾਰਨ ਹੋਇਆ ਹੋਵੇ।
- ਜੇ ਇਹ ਸਾਫ਼ ਹੋਵੇ ਕਿ ਜਨਮ ਲੈਣ ਤੇ ਬੱਚਾ ਸਰੀਰਕ ਜਾਂ ਮਾਨਸਿਕ ਤੌਰ ਤੇ ਅਪਾਹਜ ਹੋਵੇਗਾ|

ਕਿਸ ਸਮੇਂ ਤੱਕ ਗਰਭਸਮਾਪਨ ਕਾਨੂੰਨੀ ਹੈ

## ਗਰਭਸਮਾਪਨ 24 ਹਫਤੇ ਤਕ ਕੀਤਾ ਜਾ ਸਕਦਾ ਹੈ ।

- ਜੇ 20 ਹਫਤੇ ਤੋਂ ਘੱਟ ਦਾ ਗਰਭ ਹੈ ਤਾਂ ਇਕ ਡਾਕਟਰ ਦੀ ਸਲਾਹ ਨਾਲ
- ਤੇ ਜੇ 20 ਤੋਂ 24 ਹਫਤੇ ਤੱਕ ਦਾ ਹੈ ਤਾਂ ਦੋ ਡਾਕਟਰਾਂ ਦੀ ਸਲਾਹ ਨਾਲ।

## ■ ਸੇਵਾ ਪ੍ਰਦਾਤਾ

- ਹੇਠ ਲਿਖੇ ਸੇਵਾ ਪ੍ਰਦਾਤਾ ਗਰਭਸਮਾਪਨ ਕਰ ਸਕਦੇ ਹਨ
- ਡਾਕਟਰ ,ਜਿਸ ਨੇ ਕਾਨੂੰਨ ਮੁਤਾਬਕ ਸਿਖਲਾਈ ਲਈ ਹੋਵੇ ਅਤੇ ਸਰਕਾਰ ਕੋਲ ਨਾਮ ਦਰਜ ਹੋਵੇ, ਹੀ ਗਰਭਸਮਾਪਨ ਕਰ ਸਕਦਾ ਹੈ।

## ■ ਗਰਭਸਮਾਪਨ ਦੀਥਾਂ

- ਸਰਕਾਰੀ ਮੁੱਢਲੇ ਸਿਹਤ ਕੇਂਦਰ ਇਹ ਸੇਵਾ ਪ੍ਰਦਾਨ ਕਰ ਸਕਦੇ ਹਨ।
- ਨਿਜੀ ਖੇਤਰ ਵਿੱਚ ਵੀ ਇਹ ਸੇਵਾ ਦਿੱਤੀ ਜਾ ਸਕਦੀ ਹੈ ਜੇ ਸੰਸਥਾ ਕੋਲ ਸਹੀ ਸਮਾਨ, ਦਵਾਈਆਂ ਤੇ ਐਮਰਜੈਂਸੀ ਸਾਂਭਣ ਦੇ ਇੰਤਜ਼ਾਮ ਹੋਣ ਅਤੇ ਇਹ ਸੰਸਥਾ ਸਰਕਾਰ ਵੱਲੋਂ ਸਥਾਪਿਤ ਜ਼ਿਲਾ ਪੱਧਰੀ ਕਮੇਟੀ ਤੋਂ ਮਾਨਤਾ ਪ੍ਰਾਪਤ ਹੋਵੇ।
- ਦਵਾਈਆਂ ਨਾਲ ਗਰਭਸਮਾਪਨ ਲਈ ਵੀ ਗੋਲੀਆਂ ਇੱਕ ਅਧਿਕਾਰਤ ਡਾਕਟਰ ਹੀ ਲਿਖ ਸਕਦਾ ਹੈ ।

## ■ ਐਕਟ ਅਧੀਨ ਔਰਤ ਦੇ ਹੱਕ

- ਪਤੀ ਜਾਂ ਪਰਿਵਾਰ ਦੀ ਸਹਿਮਤੀ ਲੈਣੀ ਤਾਂ ਹੀ ਜ਼ਰੂਰੀ ਹੈ ਜੇ ਔਰਤ ਦੀ ਉਮਰ 18 ਸਾਲ ਤੋਂ ਘੱਟ ਹੈ ਜਾਂ ਉਹ ਮਾਨਸਿਕ ਬਿਮਾਰੀ ਨਾਲ ਜੂਝ ਰਹੀ ਹੈ।
- ਗਰਭ ਸਮਾਪਨ ਸਬੰਧੀ ਸਾਰੀ ਜਾਣਕਾਰੀ ਜਿਵੇਂ ਕਿ ਔਰਤ ਦੀ ਨਿੱਜੀ ਜਾਣਕਾਰੀ ਗੁਪਤ ਰੱਖਣੀ ਪਵੇਗੀ।
- 2021 ਦਾ ਕਾਨੂੰਨ ਇਹ ਕਹਿੰਦਾ ਹੈ ਕਿ ਡਾਕਟਰ ਔਰਤ ,ਜਿਸਦਾ ਗਰਭ ਸਮਾਪਨ ਕੀਤਾ ਗਿਆ ਹੈ , ਦੀ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕਰੇਗਾ |ਉਲੰਘਣ ਦੀ ਹਾਲਤ ਵਿੱਚ ਇੱਕ ਸਾਲ ਦੀ ਸਜ਼ਾ ਤੇ ਜੁਰਮਾਨਾ ਹੋ ਸਕਦਾ ਹੈ

## ■ ਗਰਭ ਸਮਾਪਨ ਦੇ ਤਰੀਕੇ

- **ਮੈਡੀਕਲ**

7 ਹਫਤੇ ਜਾਂ 49 ਦਿਨ ਦੇ ਗਰਭ ਲਈ ਦਵਾਈ ਹੀ ਕਾਫ਼ੀ ਹੈ।200 ਮਿਲੀਗ੍ਰਾਮ ਮਿਫਪ੍ਰੈਸਟੋਨ ਦੇਣ ਤੋਂ 36ਤੋ 48 ਘੰਟੇ ਬਾਅਦ 4 ਗੋਲੀਆਂ 200 ਮਾਈਕਰੋਗਰਾਮ ਮਿਸੋਪ੍ਰੈਸਟੋਲ ਦੇ ਦਿਓ। ਇਹ ਗੋਲੀਆਂ ਅਧਿਕਾਰਤ ਸੇਵਾ ਪ੍ਰਦਾਤਾ ਦੀ ਪਰਚੀ ਤੇ ਹੀ ਮਿਲਦੀਆਂ ਹਨ ਅਤੇ ਇਹਨਾਂ ਦਾ ਸੇਵਨ ਵੀ ਡਾਕਟਰ ਦੀ ਨਿਗਰਾਨੀ ਵਿਚ ਕੀ ਕਰਨਾ ਚਾਹੀਦਾ ਹੈ।

- **ਸਰਜੀਕਲ**

7 ਤੋਂ 15 ਹਫ਼ਤੇ ਦੇ ਗਰਭ ਲਈ MVA ਦਾ ਤਰੀਕਾ ਅਪਣਾਇਆ ਜਾਂਦਾ ਹੈ

15 ਤੋਂ 20 ਹਫਤੇ ਲਈ ਬੇਹੋਸ਼ ਕਰਕੇ EVA ਤਕਨੀਕ ਅਪਨਾਉਣੀ ਚਾਹੀਦੀ ਹੈ

## ਮੈਡੀਕਲ ਬੋਰਡ

ਹਰ ਰਾਜ ਸਰਕਾਰ ਇੱਕ ਮੈਡੀਕਲ ਬੋਰਡ ਦਾ ਗਠਨ ਕਰੇਗੀ ਜਿਸ ਵਿੱਚ ਇੱਕ ਔਰਤਾਂ ਦੇ ਮਾਹਿਰ, ਬੱਚਿਆਂ ਦੇ ਮਾਹਿਰ, ਰੇਡੀਓਲੋਜਿਸਟ ਤੇ ਕੁਝ ਹੋਰ ਮੈਂਬਰ ਹੋਣਗੇ

## ਗਰਭਸਮਾਪਨ ਕਾਨੂੰਨ ਦੀ ਸਮਾਂ ਸਾਰਣੀ

1971 ਤੱਕ : ਭਾਰਤੀ ਦੰਡ ਸੰਹਿਤਾ ਦੀ ਧਾਰਾ 312 ਤਹਿਤ ਗਰਭਸਮਾਪਨ
ਗੈਰਕਾਨੂੰਨੀ [ ਔਰਤ ਦੀ ਜਾਨ
ਜੋਖ਼ਮ ਵਿੱਚ ਹੈ ਤਾਂ ਉਸ ਨੂੰ ਛੱਡ ਕੇ]

1964 : ਸਿਹਤ ਤੇ ਪਰਿਵਾਰ ਨਿਯੋਜਨ ਮੰਤਰਾਲੇ ਵੱਲੋਂ ਸ਼ਾਂਤੀ ਲਾਲ ਸ਼ਹ ਕਮੇਟੀ ਦਾ ਗਠਨ

1966 : ਸ਼ਾਂਤੀ ਲਾਲ ਸ਼ਾਹ ਕਮੇਟੀ ਦੀ ਰਿਪੋਰਟ ਜਮ੍ਹਾਂ

1970 : ਸ਼ਾਂਤੀ ਲਾਲ ਸ਼ਾਹ ਕਮੇਟੀ ਦੀਆਂ ਸਿਫਾਰਸ਼ਾਂ ਮਨਜ਼ੂਰ| ਸੰਸਦ ਵਿੱਚ ਬਿੱਲ ਪੇਸ਼

1971 : ਐਮ ਟੀ ਪੀ ਬਿੱਲ ਸੰਸਦ ਵਿਚ ਪਾਸ

1972 : ਸਾਰੇ ਰਾਜਾਂ [ਜੰਮੂ ਕਸ਼ਮੀਰ ਤੋਂ ਇਲਾਵਾ ]ਵਿੱਚ ਐਮ ਟੀ ਪੀ ਐਕਟ ਲਾਗੂ

1975 : ਇਸ ਐਕਟ ਦੇ ਨਿਯਮ ਬਣਾਏ ਗਏ

2002 : ਐਕਟ ਵਿਚ ਸੋਧ
ਨਿੱਜੀ ਸਥਾਨ ਲਈ ਮਨਜ਼ੂਰੀ ਦੇਣ ਦੀ ਪ੍ਰਕ੍ਰਿਆ ਦਾ ਵਿਕੇਂਦਰੀਕਰਨ
ਪਾਗਲ ਦੀ ਥਾਂ ਦਿਮਾਗੀ ਬਿਮਾਰ ਵਿਅਕਤੀ ਲਿਖਣਾ
ਪਾਲਣਾ ਨਾ ਕਰਨ ਤੇ ਸਖਤ ਸਜ਼ਾ
7 ਹਫਤੇ ਤੱਕ ਲਈ ਦਵਾਈ ਨਾਲ ਗਰਭ ਸਮਾਪਨ ਨੂੰ ਮਨਜ਼ੂਰੀ
63 ਦਿਨ ਤੱਕ ਲਈ ਕਾਬੀਪੈਕ ਨੂੰ ਮਨਜ਼ੂਰੀ

2003 : ਐਕਟ ਵਿਚ ਹੋਰ ਸੋਧ
ਜ਼ਿਲ੍ਹਾ ਪੱਧਰੀ ਕਮੇਟੀ ਦੀ ਰਚਨਾ ਤੇ ਅਵਧੀ ਦੀ ਵਿਆਖਿਆ ਮਨਜ਼ੂਰ
ਸਥਾਨਾਂ ਲਈ ਨਿਰੀਖਣ ਤੇ ਰੱਦ ਕਰਨ ਦੀ
ਪ੍ਰਕਿਰਿਆ ਦੇ ਦਿਸ਼ਾ ਨਿਰਦੇਸ਼

2014 : ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲੇ ਨੇ ਕੁਝ ਸੋਧਾਂ ਦੀ ਸਲਾਹ ਦਿੱਤੀ

ਸੇਵਾ ਪ੍ਰਦਾਤਾਵਾਂ ਵਿੱਚ ਵਾਧਾ ਕਰਨਾ

ਗਰਭ ਦੀ ਉਪਰਲੀ ਸੀਮਾ ਵਿੱਚ ਵਾਧਾ ਕਰਨਾ

ਦੋ ਡਾਕਟਰਾਂ ਦੀ ਸਲਾਹ ਦੀ ਸ਼ਰਤ ਨੂੰ ਹਟਾਉਣਾ

ਅਣਵਿਆਹੀ ਲਈ ਵੀ ਗਰਭ ਨਿਰੋਧਕ ਫੇਲ ਹੋਣ ਤੇ ਗਰਭਸਮਾਪਨ ਦੀ ਮਨਜ਼ੂਰੀ

ਸਮਾਪਤੀ ਦੀ ਹੋਰ ਪਰਿਭਾਸ਼ਾ ਦੇਣਾ

2016 : ਸੋਧਾਂ ਵਿੱਚ ਸ਼ਾਮਲ

ਗਰਭ ਦੀ ਉਪਰਲੀ ਸੀਮਾ ਵਿੱਚ ਵਾਧਾ

ਬਲਾਤਕਾਰ ਪੀੜਤਾਂ, ਇਕੱਲੀ ਔਰਤ ਤੇ ਅਪਾਹਜ

ਔਰਤਾਂ ਲਈ ਕਾਨੂੰਨੀ ਸਹਾਇਤਾ

ਅਨੁਵਾਦ ਕਰਤਾ ਡਾਕਟਰ ਅਰਵਿੰਦਰ ਸਿੰਘ ਨਾਗਪਾਲ

2021 ਐੱਮ ਟੀ ਪੀ ਸੋਧ ਐਕਟ 2021 ਸੰਸਦ ਵੱਲੋਂ ਪਾਸ ਨਿਯਮ ਬਣਨੇ ਅਜੇ ਬਾਕੀ


**SAHAJ on behalf of CommonHealth**

SAHAJ, 1 Shri Hari Apartments, 13 Anandnagar Society,
Behind Express Hotel, Alkapuri, Vadodara, Gujarat, India 390007
Tel: 91-265-2342539 • Email: sahaj_sm2006@yahoo.co.in
Website: www.sahaj.org.in

Contact: Swati Shinde [Coordinator CommonHealth] • Email : cmnhsa@gmail.com
CommonHealth website: http://www.commonhealth.in